ਗੁਰੂ ਨਾਨਕ - ਸਬਦ ੩੧

ਧਰਮ ਖੰਡ ਕਾ ਏਹੋ ਧਰਮੁ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭

ਧਰਮ ਖੰਡ ਕਾ ਏਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

ਸਾਰ: ਅਸੀਂ ਆਪਣੇ ਆਪ ਨੂੰ ਅਤੇ ਆਲੇ-ਦੁਆਲੇ ਦੇ ਸੰਸਾਰ ਨੂੰ ਕਿਵੇਂ ਵੇਖਦੇ ਹਾਂ, ਇਸ ਨਾਲ ਨੇਕਤਾ ਬਾਰੇ ਸਾਡੇ ਸੰਕਲਪ ਸੁਰਜੀਤ ਹੁੰਦੇ ਹਨ। ਸਾਡੀ ਸਵੈ-ਧਾਰਨਾ ਕਿਸੇ ਨਾਲ ਸੰਵਾਦ ਅਤੇ ਨਿਰਣਾ ਲੈਣ ਨੂੰ ਸੇਧਿਤ ਕਰਦੀ ਹੈ। ਸਵੈ-ਕੀਮਤ ਦੇ ਲਈ ਆਪਣੀਆਂ ਸਮਰਥਾਵਾਂ ਅਤੇ ਕਮਜ਼ੋਰੀਆਂ ਨੂੰ ਅਪਣਾਉਣਾ ਮਹੱਤਵਪੂਰਨ ਹੈ। ਇਹ ਯੋਗਤਾ ਸਾਨੂੰ ਆਪਣੇ ਕਰਮਾਂ ਅਤੇ ਇਰਾਦਿਆਂ ਦਾ ਆਤਮ-ਨਿਰੀਖਣ ਅਤੇ ਇਨ੍ਹਾਂ ਨੂੰ ਇਕਸੁਰ ਕਰਨ ਦੀ ਸ਼ਕਤੀ ਦਿੰਦੀ ਹੈ, ਜो ਇੱਕ ਸੰਪੂਰਨ, ਨੇਕ ਜੀਵਨ ਜਿਉਣ ਲਈ ਮਾਰਗ ਦਰਸ਼ਨ ਕਰਦੀ ਹੈ। ਇਹ ਸਾਨੂੰ ਅਤੇ ਸਾਡੇ ਆਲੇ ਦੁਆਲੇ ਦੇ ਲੋਕਾਂ ਨੂੰ ਉਸਾਰੂ ਤੌਰ ਤੇ ਪ੍ਰਭਾਵਤ ਕਰਦੀ ਹੈ।

ਧਰਮ ਖੰਡ ਕਾ ਏਹੋ ਧਰਮੁ ॥
ਨੇਕੀ ਦੇ ਖੰਡ ਵਿੱਚ, ਆਤਮ ਪੜਚੋਲ ਦਾ ਅਭਿਆਸ ਨੈਤਿਕ ਫਰਜ਼ ਵਜੋਂ ਪ੍ਰਬਲ ਹੈ।

ਗਿਆਨ ਖੰਡ ਕਾ ਆਖਹੁ ਕਰਮੁ ॥

ਬਿਬੇਕ ਦਾ ਖੰਡ ਕਿਸੇ ਦੇ ਕਰਮਾਂ ਦੀ ਅਗਵਾਈ ਕਰ ਸਕਦਾ ਹੈ।

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਹਵਾ, ਪਾਣੀ ਅਤੇ ਅੱਗ ਦੇ ਕਈ ਰੂਪ ਹਨ, ਅਤੇ ਕਈ ਦੈਵੀ ਹਸਤੀਆਂ ਹਨ।

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਸਿਰਜਣਹਾਰ ਦੇ ਬਹੁਤ ਸਾਰੇ ਪ੍ਰਗਟਾਵੇ ਹਨ ਜੋ ਕਈ ਵੱਖ-ਵੱਖ ਰੂਪਾਂ, ਨਸਲੀ ਦਿੱਖਾਂ, ਰਾਹੀਂ ਮੂਰਤੀਮਾਨ ਹੁੰਦੇ ਹੋਏ ਵੱਖੋ-ਵੱਖਰੇ ਪਹਿਰਾਵਿਆਂ ਨੂੰ ਸਜਾਉਂਦੇ ਹਨ।

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਧਰਤੀ ਅਤੇ ਪਹਾੜਾਂ 'ਤੇ ਗਤੀਵਿਧੀਆਂ ਦੇ ਬਹੁਤ ਸਾਰੇ ਖੇਤਰ ਹਨ, ਬਹੁਤ ਸਾਰੇ ਵੱਖ-ਵੱਖ ਵਿਚਾਰਧਾਰਾਵਾਂ ਦੇ ਸਿਲਸਿਲੇ ਹਨ।

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਬਹੁਤ ਸਾਰੇ ਆਕਾਸ਼, ਚੰਦ ਅਤੇ ਸੂਰਜ ਹਨ, ਅਨੇਕ ਬ੍ਰਹਿਮੰਡ ਅਤੇ ਲੋਕ ਹਨ।

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਅਨੇਕ ਨਿਪੁੰਨ, ਸੂਝਵਾਨ, ਅਤੇ ਜਾਗ੍ਰਿਤ ਅਚਾਰਿਯ ਹਨ, ਅਤੇ ਬਹੁਤ ਸਾਰੀਆਂ ਵੱਖ-ਵੱਖ ਰੂਪਾਂ ਵਿੱਚ ਦੇਵੀ ਜਨਨੀ ਸ਼ਕਤੀਆਂ ਹਨ।

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਬਹੁਤ ਸਾਰੀਆਂ ਦੈਵੀ ਪੁਰਸ਼ ਸ਼ਕਤੀਆਂ, ਦੈਂਤ ਅਤੇ ਰਿਸ਼ੀ ਹਨ, ਸਮੁੰਦਰ ਵਿਚ ਬਾ-ਕੀਮਤੀ ਵੰਨ-ਸੁਵੰਨੇ ਸਰੋਤ ਹਨ।

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਬਹੁਤ ਸਾਰੇ ਜੀਵਨ ਸੋਮੇ, ਸੰਚਾਰ ਦੇ ਤਰੀਕੇ ਅਤੇ ਸਨਮਾਨਯੋਗ ਰਾਜੇ ਹਨ।

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

ਅਨੇਕ ਚਿੰਤਨ ਕਰਨ ਵਾਲੇ, ਕਈ ਭਗਤ ਹਨ। ਨਾਨਕ ਆਖਦੇ ਹਨ ਬੇਅੰਤਤਾ ਦੀ ਕੋਈ ਸੀਮਾ ਨਹੀਂ ਹੈ। (੩੫)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਕੁਦਰਤ ਦੀ ਕੋਈ ਸੀਮਾ ਨਹੀਂ ਹੈ; ਇੱਥੇ ਅਣਗਿਣਤ ਗ੍ਰੰਥ, ਅਨੇਕ ਜੀਵਨ ਸ਼ੈਲੀਆਂ ਅਤੇ ਮਨੁੱਖਾਂ ਦੇ ਵਿਲੱਖਣ ਗੁਣ ਹਨ। ਪਰ, ਉਹ ਸੁਝਾਅ ਦਿੰਦੇ ਹਨ ਕਿ ਆਪਣੇ ਕਰਮਾਂ ਅਤੇ ਇਰਾਦਿਆਂ 'ਤੇ ਕੀਤਾ ਸੁਚੇਤ ਚਿੰਤਨ ਹੀ ਉਦੇਸ਼ਪੂਰਣ ਜੀਵਨ ਜੀਉਣ ਲਈ ਇੱਕ ਸੱਚਾ ਰਾਹਨੁਮਾ ਹੈ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**